ਪੋਲੁਸ ਤਿਮੋਥਿਉਸ ਚਰਵਾਇਆ ਦੀ ਪੜਾਈ ਵਾਸਤੇ - ਪ੍ਰਭੂ ਯਿਸ਼ੂ ਵਿੱਚ ਵੱਧਣ - **R 2a - Pages 1 of 3**

**ਅਜ਼ਰਾ - ਪਰਮੇਸ਼ਵਰ ਲੋਕਾ ਨੂੰ ਨਵਾ (ਪੁਨਰ-ਉਥਾਣ) ਕਰਦਾ ਹੋ।**

ਕਲੀਸੀਆ ਵਿੱਚ ਨਵੀਨੀਕਰਣ (ਪੁਨਰ ਉਥਾਨ) ਅਤੇ ਆਪ ਨੂੰ ਬਦਲਣ ਪਵਿੱਤਰ ਆਤਮਾ ਨਾਲ ਬਦਲਣ।

ਜਿਹੜੇ ਬੱਚਿਆ ਨੂੰ ਪੜਾਉਂਦੇ ਹਨ ਉਹ ਪੜ੍ਹਨ R2b




**1. ਅਜ਼ਰਾ ਦੇ ਵਾਂਗ ਆਪਣੇ ਦਿਲਾ ਅਤੇ ਮਨਾਂ ਨੂੰ ਪਰਮੇਸ਼ਵਰ ਲਈ ਤਿਆਰ ਕਰੋ।**

- ਪਰਮੇਸ਼ਵਰ ਕੋਲੋਂ ਸਹਾਇਤਾ ਮੰਗੋ। ਜਿਸ ਨਾਲ ਵਿਸ਼ਵਾਸੀਆਂ ਦੀ ਅਗਵਾਈ ਕਰ ਸਕੋ। ਇਕ ਨਵੇ ਜਨਮ ਲਈ ਜਿਸ ਵਿੱਚ ਪਵਿੱਤਰ ਆਤਮਾ ਹਰ ਰੋਜ ਨਵਾ ਕਰ ਸਕੇ।

ਆਪਣੇ ਜੀਵਨ ਵਿੱਚ ਪਵਿੱਤਰ ਆਤਮਾ ਨੂੰ ਜੀਉਣ।

ਬਦਲਣ ਵਾਲੀ ਸ਼ਕਤੀ ਦੇ ਲਈ, ਪ੍ਰਾਥਨਾ ਕਰੋ। ਅਤੇ ਵਿਸ਼ਵਾਸੀਆ ਦੇ ਜੀਣ ਲਈ ਵੀ। ਅਤੇ ਮਹਾਨ ਪਰਮੇਸ਼ਵਰ ਉਨਾ ਚੀਜਾ ਨੂੰ ਤੁਹਾਨੂੰ ਦਰਸਾਏ, ਜਿਸ ਨਾਲ ਪਰਮੇਸ਼ਵਰ ਦੀ ਨਵਾ ਕਰਣ ਦੀ ਸ਼ਕਤੀ ਵਿੱਚ ਅੜੰਗਾ ਪਾਉਦੀ ਹੈ, ਉਨਾ ਚੀਜਾ ਨੂੰ ਸਵਿਕਾਰ ਕਰੋ।

ਅਜਰਾ ਪਰੋਹਤ ਅਤੇ ਉਹਦੇ ਸਾਥੀਆਂ ਨੇ ਸਭ ਤੋ ਪਹਿਲਾਂ ਇਸਰਾਈਲ ਦੇ ਲੋਕਾਂ ਦੀ ਅਗਵਾਈ ਕੀਤੀ। ਇੱਕ ਇਹੋ ਜਿਹੇ ਦੇਸ਼ ਵਿੱਚ ਲੈ ਜਾਣ ਦੀ ਜਿਹਦਾ ਨਵੀਨੀਕਰਣ ਹੋਇਆ ਹੋਵੇ ਅਤੇ ਸਦਾ ਦੇ ਲਈ ਰਹਿਣ ਵਾਲਾ, ਪ੍ਰਭੂ ਯੀਸ਼ੂ ਮਸ਼ੀਹ ਦੇ ਜੰਨਮ ਹੋਣ ਤੋ 400 ਵਰ੍ਹੇ ਪਹਿਲਾਂ, ਪਰਮੇਸ਼ਵਰ ਦੇ ਲੋਕ ਅਜੇ ਵੀ ਪੁਰਾਣੇ ਨੇਮ ਦੇ ਨਾਲ ਕਰੜੇ ਕਾਨੂੰਨ ਦੇ ਅੰਦਰ ਜੀਵਨ ਬਿਤਾ ਰਹੇ ਸਨ। ਉਨ੍ਹਾਂ ਦੇ ਬਹੁਤ ਸਾਰੇ ਪਾਪੋ ਵਿਚੋ ਇਕ ਸੀ। ਮੂਰਤੀ ਪੂਜਾ ਕਰਨ ਵਾਲਿਆ ਦਾ ਵਿਆਹ ਕਰਨ।

ਖੋਜੋ, ਕਿ ਅਜਰਾ ਅਤੇ ਦੂਜੇ ਲੋਕਾ ਨੇ ਕੀ ਕੀਤਾ - **ਪੜ੍ਹੋ ਅਜਰਾ 9:1–10:6**

- ਅਜਰਾ 9:3–4 ਵਿੱਚ ਲੱਭੋ- ਅਜਰਾ ਉਨ੍ਹਾਂ ਪਾਪਾਂ ਦੇ ਬਾਰੇ ਵਿੱਚ ਕਿਹੜਾ ਦੁੱਖ ਦਿਖਾਉਣਾ ਚਾਹੁੰਦਾ ਹੈ।
- ਅਜਰਾ 9:5–7 ਅਤੇ 13:15 ਅਜਰਾ ਦੀ ਪ੍ਰਾਥਨਾ ਪਾਪਾਂ ਨੂੰ ਮੰਨ ਦੇ ਕਾਰਨ ਕਿੰਨੀ ਤਰਸ ਵਾਲੀ ਸੀ।
- ਅਜਰਾ 10:1 ਵਿੱਚ ਲੱਭੋ, ਲੋਕਾਂ ਨੇ ਕਿਵੇ ਆਪਣਾ ਦੁੱਖ ਪਰਗਟ ਕੀਤਾ?
- ਅਜਰਾ 10:2–3 ਖੋਜੋ ਸ਼ਕਨਯਾਹ ਨੇ ਲੋਕਾਂ ਨੂੰ ਕੀ ਕਰਣ ਦੀ ਸਲਾਹ ਦਿੱਤੀ?

ਕਹਾਣੀ ਲਗਾਤਾਰ ਅੱਗੇ, **ਨਹਮਯਾਹ 8:1–9:3** ਵਿੱਚ ਵੱਧਦੀ ਹੈ। ਪਰਮੇਸ਼ਵਰ ਦੇ ਲੋਕ ਬਹੁਤ ਸਾਰੇ ਸ਼ਹਿਰਾ ਵਿੱਚ ਆ ਕੇ ਪ੍ਰਾਥਨਾ ਕਰਣ ਵਾਸਤੇ ਇੱਕਠੇ ਹੁੰਦੇ ਹਨ।

- ਨਹਮਯਾਹ 8:1–3 ਵਿੱਚ ਲੱਭੋ, ਲੋਕ ਪਰਮੇਸ਼ਵਰ ਦੇ ਵਚਨ ਦੇ ਪ੍ਰਤੀ ਕਿਵੇ ਆਦਰ ਭਾਵ ਦਿਖਾਉਂਦੇ ਸਨ।
- ਨਹਮਯਾਹ 8:5–6 ਵਿੱਚ ਲੱਭੋ, ਅਰਾਧਨਾ ਕਰਾਉਣ ਵਾਲੇ ਅਰਾਧਨਾ ਵਿੱਚ ਕਿਹੜੀਆ ਤਿੰਨ ਚੀਜ਼ਾਂ ਵਿੱਚ ਪਰਮੇਸ਼ਵਰ ਦਾ ਪ੍ਰਯੋਗ ਕਰਦੇ ਸਨ।
- ਸਿਰਫ ਇਕੱਲੇ ਅਜਰਾ ਨੇ ਹੀ ਸਿੱਖਿਆ ਦਿਤੀ। ਨਹਮਯਾਹ 8:7–8 ਵਿੱਚ ਲੱਭੋ, ਦੂਜੇ ਸਿਖਿਆ ਦੇਣ ਵਾਲਿਆਂ ਨੇ ਕੀ ਸਿਖਿਆ ਦਿਤੀ।

- ਨਹਮਯਾਹ 8:9 ਵਿੱਚ ਲੱਭੋ : ਜਦੋ ਲੋਕਾਂ ਨੇ ਸੁਣਿਆ, ਤਦ ਉਨ੍ਹਾਂ ਨੇ ਕੀ ਕੀਤਾ।
- ਨਹਮਯਾਹ 9:1-3 ਵਿੱਚ ਲੱਭੋ, ਉਨ੍ਹਾਂ ਲੋਕਾਂ ਨੇ ਕਿਸ ਗੱਲ ਦਾ ਪਛਤਾਵਾ ਕੀਤਾ।

ਨਵਾ ਨੇਮ ਵੀ ਸਾਨੂੰ ਨਵੇ ਹੋਣ ਦੇ ਬਾਰੇ ਵਿੱਚ ਕਹਿੰਦਾ ਹੈ।

- ਯਹੂੰਨਾ 3:1-6 ਸਾਡੇ ਜੀਵਨ ਵਿੱਚ ਨਵੇ ਹੋਣ ਦੀ ਸੁਰੂਆਤ ਕਿਸ ਤਰ੍ਹਾਂ ਹੁੰਦੀ ਹੈ।
- 2 ਕੁਰਿੰਥੀਆ 5:17 ਹਰੇਕ ਵਿਸ਼ਵਾਸੀ ਦੇ ਜੀਵਨ ਵਿੱਚ ਪਰਮੇਸ਼ਵਰ ਕਿਹੜੀ ਚੀਜ਼ ਨਵੀ ਕਰ ਦਿੰਦਾ ਹੈ।
- 1 ਯਹੂੰਨਾ 1:8-10 ਪਰਮੇਸ਼ਵਰ ਦੇ ਸਮੁੱਖ ਪਵਿੱਤਰ ਹੋਣ ਲਈ ਸਾਨੂੰ ਆਪਣੇ ਪਾਪਾ ਦਾ ਕੀ ਕਰਨਾ ਚਾਹੀਦਾ ਹੈ?
- 1 ਪਤਰਸ 2:1-3 ਦੋ ਗੱਲਾਂ ਸਾਨੂੰ ਜਰੂਰ ਕਰਨੀਆ ਚਾਹੀਦੀਆਂ ਹਨ।
- ਰੋਮਿਉ 12:1-2 ਦੋ ਗੱਲਾ ਸਾਨੂੰ ਜਰੂਰ ਕਰਨੀਆ ਚਾਹੀਦੀਆਂ ਹਨ।

ਜਬੂਰਾਂ ਦੀ ਪੋਥੀ 51:9-10 ਦਾਉਦ ਦੇ ਪਾਪ ਮਾਫ ਕਰਨ ਲਈ ਪ੍ਰਾਥਨਾ।

**2. ਆਪਣੇ ਸਾਥੀਆ ਨਾਲ ਮਿਲ ਕੇ ਹਫਤੇ ਦੇ ਵਿੱਚ ਹੋਣ ਵਾਲੇ ਆਪਣੇ ਆਪ ਅਤੇ ਹੋਰਨਾ ਵਿਸ਼ਵਾਸੀਆ ਦੀ ਯੋਜਨਾ ਬਣਾਉ।**

- ਯੋਜਨਾ ਬਣਾਉ ਕਿ ਦੂਸਰੀ ਕਲਿਸਿਆ ਨੂੰ ਵੀ ਆਪਣੀ ਕਲਿਸਿਆ ਵਿੱਚ ਬੁਲਾਉ, ਜਿਸ ਤਰ੍ਹਾਂ ਇਸਰਾਈਲ ਦੇ ਲੋਕ ਕਰਦੇ ਸਨ। ਯੋਜਣਾ ਬਣਾਉ ਕਿ ਸਭ ਇੱਕ ਜੁੱਟ ਹੋ ਕੇ ਅਰਾਧਨਾ ਕਰਨ, ਪਾਪਾ ਨੂੰ ਮੰਨਣ ਅਤੇ ਪਰਮੇਸ਼ਵਰ ਦੇ ਸਵੈ ਬਣਾਉਣ ਦਾ ਆਨੰਦ ਲੈਣ।
- ਜਾਉ ਅਤੇ ਵਿਸ਼ਵਾਸੀਆਂ ਨੂੰ ਮਿਲੋ, ਜਿੰਨ੍ਹਾਂ ਦਾ ਵਿਸ਼ਵਾਸ ਠੰਡਾ ਹੋ ਗਿਆ ਹੈ, ਅਤੇ ਉਨ੍ਹਾਂ ਦੀ ਮੱਦਦ ਕਰੋ ਪ੍ਰਭੂ ਯਿਸ਼ੂ ਵਿੱਚ ਦੁਬਾਰਾ ਨਵੇ ਹੋਣ ਸਵੀਕਾਰ ਕਰਣ ਅਤੇ ਪਵਿੱਤਰ ਆਤਮਾ ਦੀ ਸ਼ਕਤੀ ਨਾਲ।




**3. ਆਪਣੇ ਸਾਥੀਆਂ ਦੇ ਨਾਲ ਇੱਕ ਜੁੱਟ ਹੋ ਕੇ ਅਰਾਧਨਾ ਨੂੰ ਸਹੀ ਢੰਗ ਨਾਲ ਚਲਾਉਣ ਦੀ ਯੋਜਨਾ ਬਣਾਉ।**

ਇੱਕ ਜਣੇ ਨੂੰ ਤਿਆਰ ਕਰੋ ਕਿ ਅਜਰਾ ਦੀ ਕਹਾਣੀ ਪੜੇ, ਉਹ ਅਜਿਹੇ ਨਾਟਕ ਨਾਲ ਜਾ ਯਾਦ ਕਰਕੇ ਵੀ ਕਰ ਸਕਦੇ ਹਨ।

ਬਾਪ 8 ਅਤੇ 9 ਵਿੱਚ ਹਿੱਸੇ ਦੇ ਅਨੁਸਾਰ ਅਜਰਾ ਦੇ ਬਾਰੇ ਵਿੱਚ ਪ੍ਰਸ਼ਨ ਪੁਛੋ।

ਹਰੇਕ ਜਨ ਨੂੰ ਪ੍ਰਾਥਨਾ ਦੇ ਲਈ ਅਤੇ ਆਪਣੇ ਆਪਣੇ ਪਾਪਾਂ ਨੂੰ ਮੰਨਨ ਲਈ ਨਿਉਤਾ ਦਿਉ।

ਉਨ੍ਹਾਂ ਨੂੰ ਦੱਸੋ ਕਿ ਪਰਮੇਸ਼ਵਰ ਦੇ ਸਾਹਮਣੇ ਆਪਣੇ ਗੁਪਤ ਪਾਪਾਂ, ਜਿਵੇਂ ਜਨਾਹਕਾਰੀ ਦੇ ਸਬੰਧ ਨੂੰ ਸਵਿਕਾਰ ਕੱਰੋ

ਉਨ੍ਹਾਂ ਨੂੰ ਸਮਝਾਉ ਕਿ ਮੁੜ ਨਵਾਂ ਹੋਣ ਵਾਸਤੇ ਇਹ ਕਰਨਾ ਚਹੀਦਾ ਹੈ। ਪਰਮੇਸ਼ਵਰ ਦੇ ਲੋਕ ਅਜਰਾ ਦੇ ਵਾਂਗ ਇੱਕ ਜੁੱਟ ਹੋਕੇ ਉਨ੍ਹਾਂ ਦੀ ਅਗਵਾਈ ਨਾਲ ਤਿਆਰੀ ਕਰਨ।

- ਪਰਮੇਸ਼ਵਰ ਦੇ ਵਚਨ ਨੂੰ ਧਿਆਨ ਨਾਲ ਸੁਣੋ। ਅਤੇ ਅਗਿਆ ਦਾ ਪਾਲਣ ਕਰੋ।
- ਪੱਵਿਤਰ ਆਤਮਾ ਦੀ ਮੱਦਦ ਨਾਲ ਆਪਣੇ ਪਾਪਾ ਨੂੰ ਪਰਮੇਸ਼ਵਰ ਦੇ ਸਾਮਹਣੇ ਸਵਿਕਾਰ ਕਰੋ।
- ਇੱਕ ਦੂਜੇ ਦੇ ਨਾਲ ਅਤੇ ਪਰਮੇਸ਼ਵਰ ਦੇ ਨਾਲ ਇੱਕ ਗੰਭੀਰ ਪ੍ਰਤੀਗਿਆ ਬੰਨੋ ਕਿ ਰੋਜ ਦੇ ਪਾਪਾ ਨੂੰ ਮੰਨਣ, ਜਾ ਸਵਿਕਾਰ ਕਰੀਏ। ਜਿਸ ਨਾਲ ਪ੍ਰਭੂ ਵਿਚ ਮੁੜ ਨਵੇ ਹੁੰਦੇ ਹੋਏ ਹਰ ਰੋਜ ਇਹ ਪ੍ਰਾਪਤ ਕਰ ਸਕੀਏ।
- ਵਿਸ਼ਵਾਸੀਆ ਨੂੰ ਕਹੋ ਕਿ ਪਰਮੇਸ਼ਵਰ ਨਾਲ ਇਕ ਗਭੀਰ ਰੂਪ ਵਿੱਚ ਪ੍ਰਤਿੱਗਿਆ ਬੰਨੋ, ਜਿਸ ਨਾਲ ਪਰਮੇਸ਼ਵਰ ਦਾ ਪੂਰਾ ਨਵਿਕਰਨ ਮਿੱਲ ਸਕੇ।
- ਵਾਦਾ ਕੀ ਹੈ (ਪ੍ਰਤਿੱਗੀਆ) ਬਹਿਸ ਕਰੋ - ਇੱਕ ਗਭੀਰ ਪ੍ਰਤਿੱਗਿਆ ਜਿਹੜੇ ਹਰੇਕ ਨੇ ਕਰਨੀ ਹੈ।

- ਵਿਸ਼ਵਾਸੀਆ ਨੂੰ ਆਖੋ ਕਿ ਇੱਕ ਦੂਜੇ ਨਾਲ ਅਤੇ ਪਰਮੇਸ਼ਵਰ ਨਾਲ ਪ੍ਰਤਿੱਗਿਆ ਕਰਣ ਕਿ ਉਹੀ ਕਰਾਂਗੇ ਜਿਹੜੀ ਅਜਰਾ ਅਤੇ ਇਲੇਕਾ ਨੇ ਕੀਤਾ ਸੀ।
- ਪ੍ਰਤਿੱਗਿਆ ਕਰੋ ਕਿ ਆਪਣੇ ਪਾਪਾਂ ਨੂੰ ਹਰ ਰੋਜ ਮੰਨੋ ਅਤੇ ਪਵਿੱਤਰ ਆਤਮਾ ਚਾਹੇ ਤਾਂ ਸਾਡੇ ਦਿੱਲਾਂ ਨੂੰ ਬਦਲ ਦੇਵੇ।
- ਹਰੇਕ ਜਨ ਦੀ ਸਹਾਇਤਾ ਕਰੋ 2 ਕੁਰਿੰਥੀਆ 4:16 ਯਾਦ ਕਰਨ ਵਿੱਚ ''ਇਸੇ ਕਾਰਨ ਅਸੀ ਹੌਸਲਾ ਨਹੀ ਹਾਰਦੇ, ਸਗੋਂ ਭਾਵੇ ਸਾਡੀ ਬਾਹਰਲੀ ਇਨਸਾਨੀਅਤ ਨਾਸ਼ ਹੁੰਦੀ ਜਾਂਦੀ ਹੈ, ਪਰ ਅੰਦਰਲੀ ਇਨਸਾਨੀਅਤ ਦਿਨੋ ਦਿਨ ਨਵੀ ਹੁੰਦੀ ਜਾਂਦੀ ਹੈ।

ਬੱਚਿਆ ਨੂੰ ਸਿਖਿਆ ਦੇਣ ਵਾਲੇ ਨੂੰ ਕਹੋ ਕਿ ਨਾਟਕ ਜਾਂ ਕਹਾਣੀ ਸੁਨਾਕੇ ਇਹ ਦੱਸੇ ਕਿ ਰਾਜਾ ਯੋਸੀਯਾਹ ਨੇ ਪੁਰਾਣੇ ਇਸਰਾਈਲ ਨੂੰ ਮੁੜ ਨਵਾਂ ਬਣਾਉਣ ਵਿੱਚ ਕੀ ਕੀਤਾ?

ਪ੍ਰਭੂ ਭੋਜ ਸ਼ੁਰੂ ਕਰਨ ਲਈ, ਅਜਰਾ 8:19-21 ਨੂੰ ਪੜ੍ਹ ਕੇ ਸਮਝਾਉ ਕਿ ਹੋਇਆ?

- ਉਨ੍ਹਾਂ ਨੇ ਪਸਹ ਦੇ ਤਿਉਹਾਰ ਨੂੰ ਖਾ ਕੇ ਮਨਾਇਆ, ਅੱਜ ਵੀ ਪ੍ਰਭੂ ਯੀਸ਼ੂ ਮਸੀਹ ਸਾਡੀ ਪਸਹ ਦਾ ਮੇਮਨਾ ਹੈ।
- ਜਾਜਕ ਪਹਿਲੀ ਵਿਧੀ ਦੇ ਨਾਲ ਨੁਹਾਏ, ਅੱਜ ਵੀ ਸਾਨੂੰ ਆਪਣੇ ਪਾਪਾਂ ਨੂੰ ਸਵਿਕਾਰ ਕਰਕੇ ਆਪਣੇ ਪਾਪ ਧੋਂਦੇ ਹਾਂ।

ਲੋਕਾਂ ਨੇ ਆਪਣੇ ਆਪ ਨੂੰ ਆਪਣੇ ਗਵਾਡੀਆਂ ਦੀਆਂ ਉਹ ਬੁਰਾਈਆਂ ਅਤੇ ਕੰਮਾਂ ਤੋਂ ਜਿਹੜੇ ਉਹ ਆਪਣੇ ਪਾਗਾਨ ਦੇਵਤਾ ਲਈ ਕਰਦੇ ਸਨ, ਦੂਰ ਕੀਤੇ। ਜਿਸ ਨਾਲ ਪਸਹ ਦੇ ਤਿਉਹਾਰ ਦਾ ਭੋਜਨ, ਸ਼ਕਤੀ ਨਾਲ ਖਾ ਸਕਣ। ਅੱਜ ਵੀ ਅਸੀ ਪ੍ਰਭੂ ਦੀ ਮੇਜ਼ ਉੱਤੇ ਖਾਦੇ ਹਾਂ। ਸ਼ਕਤੀ ਨਾਲ ਭਰ ਕੇ ਇੱਕ ਦੂਜੇ ਨਾਲ ਪ੍ਰੇਮ ਵਿਖਾਈਏ।

Copyright 2004 © by Paul-Timothy. May be freely copied. Download from www.Paul-Timothy.net